**ਸੰਗ੍ਰਹਿ ਕਰਤਾ ਦੀ ਭੂਮੀਕਾ (Collection role play)**

**ਸਵੈਸੇਵਕ ਜਾਂ ਵਲੰਟੀਅਰ ਦੀ ਭੂਮਿਕਾ**

ਸਵੈਸੇਵਕ ਜਾਂ ਵਲੰਟੀਅਰ ਫੋਨ ਨੂੰ ਚੁੱਕਦਾ ਹੈ ਅਤੇ ਜਵਾਬ ਦੇਣ ਦਾ ਨਾਟਕ ਕਰਦਾ ਹੈ। ਉਸ ਦੀ ਭੂਮਿਕਾ ਹੈ ਕਿ ਕਲੈਕਟਰ ਜਾਂ ਸੰਗ੍ਰਹਿ ਕਰਤਾ ਦੇ ਫੋਨ ਦਾ ਜਵਾਬ ਦੇਣਾ, ਜੋ ਕਿ ਕਿਸੇ ਵੀ ਤਰ੍ਹਾਂ ਗੱਲ ਕਰ ਸਕਦਾ ਹੈ ਜਾਂ ਜੋ ਉਸ ਨੂੰ ਠੀਕ ਲੱਗੇ।

ਕਲੈਕਟਰ ਜਾਂ ਸੰਗ੍ਰਹਿ ਕਰਤਾ ਦਾ ਪਾਰਟ (ਇਸ ਨੂੰ ਜਲਦੀ-ਜਲਦੀ ਅਤੇ ਸਖ਼ਤ ਅਵਾਜ਼ ਨਾਲ ਬੋਲਣਾ ਹੈ)

- ਕ੍ਰਿਪਾ ਕਰ ਕੇ ਦੱਸੋ ਕੀ (ਨਾਮ ਬੋਲੋ) ਮੌਜੂਦ ਹੈ?
- ਮੈਂ ਅਜ ਤੁਹਾਨੂੰ ਇਹ ਦੱਸਣ ਲਈ ਫੋਨ ਕਰ ਰਿਹਾਂ ਹਾਂ ਕਿ ਤੁਸੀਂ ਕਲੈਕਸ਼ਨ ਨੂੰ____________ ਡਾਲਰ ਦਾ ਉਧਾਰ ਚੁਕਾਉਣਾ ਹੈ।
- ਤੁਹਾਨੂੰ ਹਿਦਾਇਤ ਕੀਤੀ ਜਾਂਦੀ ਹੈ ਕਿ ਤੁਸੀਂ ਜਲਦੀ ਤੋਂ ਜਲਦੀ ਪੂਰੀ ਰਕਮ ਅਦਾ ਕਰ ਦਿਓ।
- ਜੇ ਕਰ ਤੁਸੀਂ ਅਦਾਇਗੀ ਨਹੀਂ ਕਰਦੇ ਤਾਂ ਇਹ ਮਾਮਲਾ ਕਰੈਡਿਟ ਬਿਯੂਰੋ ਦੇ ਹਵਾਲੇ ਕਰ ਦਿੱਤਾ ਜਾਵੇਗਾ ਅਤੇ ਇਸ ਨਾਲ ਤੁਹਾਡੀ ਕਰੈਡਿਟ ਹਿਸੱਟਰੀ ਨੂੰ ਵੀ ਨੁਕਸਾਨ ਪਹੁੰਚੇਗਾ।
- ਸਾਨੂੰ ਸ਼ਾਇਦ ਕੋਈ ਕਨੂੰਨੀ ਕਾਰਵਾਈ ਕਰਨ ਲਈ ਵੀ ਮਜਬੂਰ ਹੋਣਾ ਪਵੇ ਜਿਸ ਦੀ ਵਜਹ ਨਾਲ ਤੁਹਾਨੂੰ ਪੂਰੀ ਰਕਮ ਤਾਂ ਚੁਕਾਉਣੀ ਹੀ ਪਵੇਗੀ ਅਤੇ ਉਸ ਦੇ ਨਾਲ ਕਲੈਕਸ਼ਨ ਤੇ ਆਉਣ ਵਾਲਾ ਖ਼ਰਚ ਵੀ ਦੇਣਾ ਪਵੇਗਾ।
- ਮੈਂ ਅੱਜ ਤੁਹਾਡੇ ਤੋਂ ਪੂਰੀ ਰਕਮ ਵਸੂਲ ਕਰਨ ਲਈ ਤਿਆਰ ਹਾਂ ਤਾਂ ਕਿ ਇਸ ਸਮੱਸਿਆ ਦਾ ਹਲ ਹੋ ਜਾਵੇ।

**ਸੁਧਾਰ ਲਈ ਸੁਝਾਓ**

- ਜੇ ਵਲੰਟਿਅਰ ਰਕਮ ਦਾ ਕੁਝ ਹਿੱਸਾ ਅਦਾ ਕਰਨ ਲਈ ਰਾਜ਼ੀ ਹੋ ਜਾਵੇ ਤਾਂ ਉਹ ਜਿੰਨ੍ਹੀ ਰਕਮ ਦੇਣ ਲਈ ਤਿਆਰ ਹੈ ਉਸ ਤੋਂ ਵੱਧ ਦੀ ਮੰਗ ਕਰੋ।
- ਕਰਜ਼ਾਈ ਵਿਅਕਤੀ ਦੇ ਜਵਾਬ ਵਿੱਚ ਬਦਲਾਵ ਲਿਆਉਣ ਦੀ ਕੋਸ਼ਿਸ਼ ਕਰਦੇ ਰਹੋ ਜਦੋਂ ਤੱਕ ਕਿ ਦਬਾਅ ਵਿੱਚ ਆ ਕੇ ਤੁਹਾਡੀ ਕਲੈਕਸ਼ਨ ਦੀ ਕੋਸ਼ਿਸ਼ ਸਫਲ ਨਾ ਹੋ ਜਾਵੇ
- ਤੁਹਾਨੂੰ ਸ਼ਾਇਦ ਕੁਝ ਇਸ ਤਰ੍ਹਾਂ ਵੀ ਕਰਨਾ ਪਵੇ ਜੋ ਕਿ ਕਲੈਕਟਰ ਨੂੰ ਕਰਨ ਦੀ ਇਜ਼ਾਜ਼ਤ ਨਹੀਂ ਹੁੰਦੀ, ਤਾਂ ਕਿ ਤੁਸੀਂ ਦੇਖ ਸਕੋ ਕਿ ਗਰੁੱਪ ਦੀ ਪ੍ਰਤੀਕਿਰਿਆ ਕੀ ਹੋ ਸਕਦੀ ਹੈ।